# ਰਿਪੋਰਟ

ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾੜਲਾ, ਸ਼ਹੀਦ ਭਗਤ ਸਿੰਘ ਨਗਰ ਨੇ ਮਾਣ ਨਾਲ ਭਾਰਤ ਦਾ 79 ਵਾਂ ਸੁਤੰਤਰਤਾ ਦਿਵਸ ਮਨਾਇਆ।

(Report on "Har Ghar Tiranga Ghar Ghar Tiranga" Events SDS Govt. College Jadla SBS Nagar)

ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾੜਲਾ, ਸ਼ਹੀਦ ਭਗਤ ਸਿੰਘ ਨਗਰ ਨੇ ਮਾਣ ਨਾਲ ਭਾਰਤ ਦਾ 79 ਵਾਂ ਸੁਤੰਤਰਤਾ ਦਿਵਸ "ਹਰ ਘਰ ਤਿਰੰਗਾ ਘਰ ਘਰ ਤਿਰੰਗਾ" ਸਿਰਲੇਖ ਵਾਲੇ ਦੇਸ਼ ਭਗਤੀ ਸਮਾਗਮਾਂ ਦੀ ਲੜੀ ਨਾਲ ਮਨਾਇਆ।ਪ੍ਰਿੰਸੀਪਲ ਸ੍ਰੀਮਤੀ ਗੀਤਾਂਜਲੀ ਸ਼ਰਮਾਂ ਦੀ ਅਗਵਾਈ ਹੇਠ, ਕਾਲਜ ਦੀਆਂ ਐੱਨ.ਐਸ.ਐਸ ਯੂਨਿਟਾਂ ਨੇ ਵਿਦਆਰਥੀਆਂ ਵਿੱਚ ਰਾਸ਼ਟਰੀ ਸਵੈਮਾਣ ਦੀ ਭਾਵਨਾ ਅਤੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇਨ੍ਹਾਂ ਗਤੀਵਿਧੀਆਂ ਨੂੰ ਆਯੋਜਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

15 ਅਗਸਤ 2025 ਨੂੰ 79ਵੇਂ ਆਜ਼ਾਦੀ ਦਿਵਸ ਨੂੰ ਪੂਰਾ ਕਾਲਜ ਤਿਰੰਗੇ ਝੰਡਿਆਂ,ਅਤੇ ਦੇਸ਼ਭਗਤੀ ਨਾਅਰਿਆਂ ਨਾਲ ਸਜਾਇਆ ਗਿਆ ਸੀ, ਜੋ ਕਿ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਪ੍ਰਗਟ ਕਰ ਰਿਹਾ ਸੀ। ਕਾਰਜਕ੍ਰਮ ਦੀ ਸ਼ੁਰੂਆਤ ਸਵੇਰੇ ਰਾਸ਼ਟਰੀ ਝੰਡਾ ਲਹਿਰਾ ਕੇ ਹੋਈ। ਕਾਲਜ ਦੇ ਮੁੱਖ ਮਹਿਮਾਨ ਰਾਣਾ ਨੈਨ ਸਿੰਘ ਜੀ ਨੇ ਤਿਰੰਗਾ ਲਹਿਰਾਇਆ। ਇਸ ਦੇ ਬਾਅਦ ਸਾਰੇ ਹਾਜ਼ਰ ਸਟਾਫ ਅਤੇ ਵਿਦਿਆਰਥੀਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ, ਜੋ ਕਿ ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਸੀ ਅਤੇ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਲੱਡੂ ਵੰਡੇ ਗਏ।

ਰਾਸ਼ਟਰੀ ਝੰਡਾ ਲਹਿਰਾਉਣ ਮਗਰੋਂ ਸਾਰੇ ਵਿਦਿਆਰਥੀ ਅਤੇ ਅਧਿਆਪਕ ਕਾਲਜ ਦੇ ਹਾਲ ਵਿੱਚ ਇਕੱਠੇ ਹੋਏ, ਜਿੱਥੇ ਕਲਚਰਲ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਨੂੰ ਹਰਿੰਦਰਜੀਤ ਸਿੰਘ ਨੇ ਐਂਕਰਿੰਗ ਕਰਦਿਆਂ ਬਹੁਤ ਹੀ ਸੁਚੱਜੇ ਢੰਗ ਨਾਲ ਸੰਚਾਲਿਤ ਕੀਤਾ। ਉਹਨਾਂ ਦੀ ਆਵਾਜ਼ ਅਤੇ ਜੋਸ਼ ਨੇ ਸਾਰੇ ਵਿਦਿਆਰਥੀਆਂ ਨੂੰ ਜੋੜ ਕੇ ਰੱਖਿਆ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਜ਼ਾਦੀ ਸਿਰਫ਼ ਤਿਉਹਾਰ ਨਹੀਂ, ਸਾਡੀ ਜ਼ਿੰਮੇਵਾਰੀ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਮਾਨਦਾਰੀ, ਮਿਹਨਤ ਅਤੇ ਸਾਂਝ ਨਾਲ ਦੇਸ਼ ਦੀ ਉੱਨਤੀ ਵਿੱਚ ਯੋਗਦਾਨ ਪਾਉਣ। ਪ੍ਰੋਫੈਸਰ ਪ੍ਰਿਆ ਬਾਵਾ ਨੇ ਕਾਲਜ ਵਿਖੇ ਪਹੁੰਚੇ ਮੁੱਖ ਮਹਿਮਾਨ ਰਾਣਾ ਨੈਨ ਸਿੰਘ ਜੀ ਅਤੇ ਉਨ੍ਹਾਂ ਨਾਲ ਆਏ ਸ੍ਰੀ ਰਾਜਨ ਦੱਤਾ ਜੀ, ਸ੍ਰੀ ਰਜਿੰਦਰ ਪਾਲ ਭਾਟੀਆ ਜੀ, ਸ੍ਰੀ ਰਾਜ ਕੁਮਾਰ ਜੀ, ਸ੍ਰੀ ਵਰਿੰਦਰ ਕੁਮਾਰ ਜੀ, ਸ੍ਰੀ ਜਸਵਿੰਦਰ ਮੱਖਣ ਜੀ, ਸ੍ਰੀ ਜਸਵਿੰਦਰ ਲਾਲ ਜੀ, ਸ੍ਰੀ ਮਲਕੀਤ ਸਿੰਘ ਜੀ, ਸ੍ਰੀ ਸਰੂਪ ਚੰਦ ਜੀ, ਸ੍ਰੀ ਦਰਸ਼ਨ ਲਾਲ ਜੀ, ਅਤੇ ਸ੍ਰੀ ਰਵੀ ਜੀ (ਜਾੜਲਾ) ਦਾ ਕਾਲਜ ਪਹੁੰਚਣ 'ਤੇ ਧੰਨਵਾਦ ਕੀਤਾ।

ਮੁੱਖ ਮਹਿਮਾਨ ਰਾਣਾ ਨੈਨ ਸਿੰਘ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਆਜ਼ਾਦੀ ਦੀ ਕੀਮਤ ਬਿਆਨ ਕੀਤੀ ਅਤੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਕਿਵੇਂ ਸਾਡੀਆਂ ਪੂਰਵਜਾਂ ਨੇ ਆਪਣੀਆਂ ਜਾਨਾਂ ਦੇ ਕੇ ਸਾਨੂੰ ਆਜ਼ਾਦੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਜੀਵਨ ਜੀਉਣ ਦਾ ਸੰਦੇਸ਼ ਦਿੱਤਾ।

B.A. ਅਤੇ B.Com ਦੇ ਵਿਦਿਆਰਥੀਆਂ ਨੇ ਵੱਖ-ਵੱਖ ਰੰਗੀਨ ਪ੍ਰਸਤੁਤੀਆਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਸ਼ਾਮਲ ਸਨ: ਦੇਸ਼ ਭਗਤੀ ਨਾਲ ਭਰਪੂਰ ਗੀਤ, ਭਾਰਤੀ ਸਭਿਆਚਾਰ ਨੂੰ ਦਰਸਾਉਂਦੇ ਲੋਕ ਨਾਚ ਗਿੱਧਾ, ਅਤੇ ਭੰਗੜਾ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿਚ ਭਾਗ ਲਿਆ। ਵਿਦਿਆਰਥੀਆਂ ਨੇ ਆਜ਼ਾਦੀ ਦੇ ਤੱਤ ਨੂੰ ਦਰਸਾਉਣ ਵਾਲੇ ਪੋਸਟਰ ਡਿਜ਼ਾਈਨ ਕਰਕੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਜੀਵੰਤ ਅਤੇ ਸੋਚ-ਪ੍ਰੇਰਕ ਪੋਸਟਰਾਂ ਨੇ ਆਜ਼ਾਦੀ, ਏਕਤਾ ਅਤੇ ਭਾਰਤ ਦੀ ਅਮੀਰ ਸਭਿਆਚਾਰਕ ਵਿਰਾਸਤ ਦੀ ਭਾਵਨਾ ਨੂੰ ਦ੍ਰਿੜ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀ ਨੇ ਤਿਰੰਗੇ ਨਾਲ ਸੈਲਫੀ ਅਤੇ 50 ਦੇ ਕਰੀਬ ਪੌਦੇ ਲਗਾ ਕੇ ਵਾਤਾਵਰਨ ਦੀ ਸੁਰੱਖਿਆ ਦਾ ਸੰਦੇਸ਼ ਦਿੱਤਾ।

ਅਖੀਰ ਵਿੱਚ, ਇਕ ਧੰਨਵਾਦ ਭਾਸ਼ਣ ਰਾਹੀਂ ਸਾਰੇ ਮਹਿਮਾਨਾਂ, ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ। ਸਮਾਰੋਹ ਦੇ ਅੰਤ ਤੇ ਹਲਕੀ ਤਾਜ਼ਗੀ ਦਿੱਤੀ ਗਈ ਅਤੇ ਹਾਲ 'ਚ "ਇੰਨਕਲਾਬ ਜ਼ਿੰਦਾਬਾਦ, ਜੈ ਭਾਰਤ!" ਦੇ ਨਾਅਰੇ ਗੂੰਜੇ।

ਇਸ ਸਮਾਗਮ ਰਾਹੀਂ ਐੱਸ.ਡੀ.ਐੱਸ. ਸਰਕਾਰੀ ਕਾਲਜ ਜਾੜਲਾ ਨੇ ਨਾ ਸਿਰਫ਼ ਭਾਰਤ ਦੀ ਆਜ਼ਾਦੀ ਦਾ ਜਸ਼ਨ ਮਨਾਇਆ ਬਲਿਕ ਵਿਦਿਆਰਥੀਆਂ ਨੂੰ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਅਤੇ ਆਜ਼ਾਦੀ ਦੀ ਵਿਰਾਸਤ ਦਾ ਸਨਮਾਨ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਸਮਾਗਮ ਵਿਚ ਕਾਲਜ ਸਟਾਫ ਮੈਂਬਰਜ਼ ਪ੍ਰੋਫੈਸਰ ਪ੍ਰਿਆ ਬਾਵਾ ਡਾ. ਬਲਜੀਤ ਕੌਰ, ਪ੍ਰੋਫੈਸਰ ਪ੍ਰਿਅੰਕਾ ਪ੍ਰੋਫੈਸਰ ਸੋਨੀਆ, ਪ੍ਰੋਫੈਸਰ ਜਸਵਿੰਦਰ ਰੱਲ, ਪ੍ਰੋਫੈਸਰ ਨੇਹਾ ਰਾਣੀ, ਪ੍ਰੋਫੈਸਰ ਹਰਿੰਦਰਜੀਤ ਸਿੰਘ, ਪ੍ਰੋਫੈਸਰ ਪਰਮਜੀਤ ਕੌਰ, ਅਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।